153/C

# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)

## (ਕਾਲਜ ਸੈਕਸ਼ਨ)

ਨੰ: 2099 /ਕਾਲਜਾਂ/ਸ-3
ਮਿਤੀ: 10/10/24

**E-mail/webpage (ਅਤਿ ਜ਼ਰੂਰੀ)**

**ਯੂਨੀਵਰਸਿਟੀ ਨਾਲ ਸੰਬੰਧਿਤ ਸਮੂਹ ਕਾਲਜਾਂ ਦੇ**
**ਚੇਅਰਮੈਨ/ਪ੍ਰਿੰਸੀਪਲ ਸਾਹਿਬਾਨਾਂ ਨੂੰ**

**ਵਿਸ਼ਾ: ਕਾਲਜਾਂ ਦੀ ਇੰਡੋਮੈਂਟ ਫ਼ੰਡ ਵੱਜੋਂ ਪਈ ਐਫ਼.ਡੀ.ਆਰਜ਼. ਦੇ KYC/ਅਸ਼ਟਾਮ ਸੰਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ **ਵਾਈਸ-ਚਾਂਸਲਰ ਸਾਹਿਬ ਵੱਲੋਂ ਪ੍ਰਵਾਨਿਤ ਮਿਤੀ 22.07.2024 ਨੂੰ ਹੋਈ ਇਕੱਤਰਤਾ ਦੀ ਕਾਰਵਾਈ ਵਿੱਚ ਹੇਠ ਲਿਖੇ ਫ਼ੈਸਲੇ ਲਏ ਗਏ ਹਨ:**

1. **ਇੰਡੋਮੈਂਟ ਫ਼ੰਡ** ਵੱਜੋਂ **ਐਫ਼.ਡੀ.ਆਰਜ਼.** ਉਪਰ ਬਣਦੇ ਸਰਵਿਸ ਚਾਰਜ ਜਿਨ੍ਹਾਂ ਕਾਲਜਾਂ ਦੇ ਪੈਂਡਿੰਗ ਹਨ, ਉਨ੍ਹਾਂ ਕਾਲਜਾਂ ਨੂੰ ਸਰਵਿਸ ਚਾਰਜ ਜਮ੍ਹਾਂ ਕਰਵਾਉਣ ਸਬੰਧੀ ਮਿਤੀ 01.02.2024 ਤੋਂ ਵਾਧਾ ਕਰਦੇ ਹੋਏ ਮਿਤੀ 01.09.2024 ਤੱਕ ਕਰ ਦਿੱਤਾ ਗਿਆ ਹੈ। ਇਸ ਮਿਤੀ ਤੋਂ ਉਪਰੰਤ ਕਾਲਜਾਂ ਨੂੰ ₹ 5000/- ਪ੍ਰਤੀ ਮਹੀਨਾ ਦੀ ਦਰ ਨਾਲ ਜੁਰਮਾਨਾ ਭਰਵਾਉਣਾ ਹੋਵੇਗਾ।
2. ਜਿਨ੍ਹਾਂ ਕਾਲਜਾਂ ਦੀ ਐਫ਼.ਡੀ.ਆਰ. ਬੈਂਕ ਦੇ KYC Policy ਤਹਿਤ ਰੀਨਿਊ ਪੈਂਡਿੰਗ ਹਨ ਉਸ ਸਬੰਧ ਵਿੱਚ ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਪੈਨ ਕਾਰਡ ਅਤੇ ਡੀਨ, ਕਾਲਜ ਵਿਕਾਸ ਕੌਂਸਲ ਦਾ ਆਧਾਰ ਕਾਰਡ ਅਤੇ ਸਬੰਧਿਤ ਕਾਲਜ ਦਾ ਆਧਾਰ ਕਾਰਡ ਅਤੇ ਪੈਨ ਕਾਰਡ ਲਗਾਇਆ ਜਾਵੇ ਅਤੇ ਇਸ ਸਬੰਧੀ ਸਾਰੀ ਕਾਰਵਾਈ ਕਾਲਜ ਵੱਲੋਂ ਆਪਣੇ ਪੱਧਰ ਤੇ ਕੀਤੀ ਜਾਵੇਗੀ। ਰਜਿਸਟਰਾਰ ਸਾਹਿਬ ਵੱਲੋਂ KYC ਸਬੰਧੀ ਇਹ ਵੀ ਸਰਟੀਫ਼ਿਕੇਟ ਦਿੱਤਾ ਜਾਵੇਗਾ ਕਿ ਐਫ਼.ਡੀ.ਆਰ. ਨੂੰ ਰੀਨਿਊ ਕਰਵਾਉਣ ਦੇ ਸਬੰਧ ਵਿੱਚ, KYC ਦੇ ਮੰਤਵ ਲਈ ਪੈਨ ਕਾਰਡ ਅਟੈਚ ਕੀਤਾ ਜਾ ਰਿਹਾ ਹੈ।
3. ਜਿਨ੍ਹਾਂ ਕਾਲਜਾਂ ਦੀ F.D.R. renew ਕਰਵਾਉਣ ਲਈ ਜਿਨ੍ਹਾਂ ਸਬੰਧਿਤ ਬੈਂਕਾਂ ਵੱਲੋਂ ਅਸ਼ਟਾਮ ਪੇਪਰ ਅਤੇ Identity Bond ਦੀ ਮੰਗ ਕੀਤੀ ਗਈ ਹੈ, ਉਨ੍ਹਾਂ ਕਾਲਜਾਂ ਵੱਲੋਂ ਆਪਣੇ ਪੱਧਰ ਤੇ ਕਾਰਵਾਈ ਕਰਕੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੂੰ ਸੂਚਿਤ ਕੀਤਾ ਜਾਵੇ।

ਇਸ ਨੂੰ ਅਤਿ ਜ਼ਰੂਰੀ ਸਮਝਿਆ ਜਾਵੇ।

09/10/2024

**ਡੀਨ, ਕਾਲਜ ਵਿਕਾਸ ਕੌਂਸਲ**